# Punjab Government Gazette

## EXTRAORDINARY

***Published by Authority***

CHANDIGARH, FRIDAY, NOVEMBER 7, 2025
(KARTIKA 16, 1947 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਪੰਜਾਬ ਬਰਫ਼ ਕੀਮਤ ਕੰਟਰੋਲ ਐਕਟ, 1968 (1968 ਦਾ ਪੰਜਾਬ ਐਕਟ ਨੰ. 13) | ... 673-675 |
| | 2. ਪੰਜਾਬ ਸਹਾਇਤਾ ਪ੍ਰਾਪਤ ਸਕੂਲ (ਸੇਵਾ ਦੀ ਸੁਰੱਖਿਆ) ਐਕਟ, 1969 (1969 ਦਾ ਪੰਜਾਬ ਐਕਟ ਨੰ. 19) | ... 677-680 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 7 ਨਵੰਬਰ, 2025

**ਨੰ: 52/ਭ.ਕ./2025.-** ਪੰਜਾਬ ਬਰਫ਼ ਕੀਮਤ ਕੰਟਰੋਲ ਐਕਟ, 1968 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 7th November, 2025

**No. 52/L.C./2025.-** The Translation in Punjabi of the Punjab Ice Price Control Act, 1968 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੰਜਾਬ ਬਰਫ਼ ਕੀਮਤ ਕੰਟਰੋਲ ਐਕਟ, 1968

(1968 ਦਾ ਪੰਜਾਬ ਐਕਟ ਨੰ: 13)

ਬਰਫ਼ ਦੀ ਕੀਮਤ ਨੂੰ ਕੰਟਰੋਲ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਉੱਨੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਬਰਫ਼ ਕੀਮਤ ਕੰਟਰੋਲ ਐਕਟ, 1968 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜਦੋਂ ਤੱਕ ਕੋਈ ਵੀ ਗੱਲ ਵਿਸ਼ੇ ਜਾਂ ਪ੍ਰਸੰਗ ਦੇ ਵਿਰੁੱਧ ਨਾ ਹੋਵੇ:- ਪਰਿਭਾਸ਼ਾਵਾਂ।

(ੳ) 'ਡੀਲਰ' ਦਾ ਮਤਲਬ ਹੈ ਕੋਈ ਵਿਅਕਤੀ ਜੋ ਬਰਫ਼ ਦਾ ਵਪਾਰ ਕਰਦਾ ਹੈ ਅਤੇ ਵਿਕਰੀ ਲਈ ਇੱਕ ਸਮੇਂ ਪੰਜ ਕੁਇੰਟਲ ਤੋਂ ਵੱਧ ਬਰਫ਼ ਦੇ ਸਟਾਕ ਰੱਖਦਾ ਹੈ ਅਤੇ ਇਸ ਵਿੱਚ ਉਸ ਦਾ ਪ੍ਰਤੀਨਿਧ ਜਾਂ ਏਜੰਟ ਸ਼ਾਮਲ ਹੈ;

(ਅ) 'ਜ਼ਿਲ੍ਹਾ ਮੈਜਿਸਟਰੇਟ' ਦਾ ਮਤਲਬ ਹੈ ਜ਼ਿਲ੍ਹੇ ਦਾ ਜ਼ਿਲ੍ਹਾ ਮੈਜਿਸਟਰੇਟ ਅਤੇ ਇਸ ਵਿੱਚ ਆਪੋ ਆਪਣੀਆਂ ਅਧਿਕਾਰਤਾਵਾਂ ਵਿੱਚ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ ਅਤੇ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਅਧਿਕਾਰੀ ਸ਼ਾਮਲ ਹਨ;

(ੲ) 'ਬਰਫ਼' ਦਾ ਮਤਲਬ ਹੈ ਮਨੁੱਖੀ ਖਪਤ ਲਈ ਵਰਤਿਆ ਜਾਂਦਾ ਜੰਮਿਆ ਹੋਇਆ ਪਾਣੀ;

(ਸ) 'ਪਰਚੂਨ' ਦਾ ਮਤਲਬ ਹੈ ਉਹ ਸੌਦਾ ਜੋ ਕਿ ਥੋਕ ਨਹੀਂ ਹੈ;

(ਹ) 'ਥੋਕ' ਦਾ ਮਤਲਬ ਹੈ ਪੰਜਾਹ ਕਿਲੋਗ੍ਰਾਮ ਤੋਂ ਵੱਧ ਮਿਕਦਾਰ ਵਾਲਾ ਸੌਦਾ।

ਬਰਫ਼ ਦੀ ਕੀਮਤ ਨਿਯਤ ਕਰਨ ਦੀ ਸ਼ਕਤੀ।

3. ਜ਼ਿਲ੍ਹਾ ਮੈਜਿਸਟਰੇਟ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਇੱਕ ਹੁਕਮ ਦੁਆਰਾ ਵੱਧ ਤੋਂ ਵੱਧ ਥੋਕ ਅਤੇ ਪਰਚੂਨ ਕੀਮਤ ਨਿਯਤ ਕਰ ਸਕੇਗਾ ਜੋ ਡੀਲਰ ਜਾਂ ਕਿਸੇ ਹੋਰ ਵਿਕਰੀਕਾਰ ਦੁਆਰਾ ਭਾਰਿਤ ਕੀਤੀ ਜਾ ਸਕੇਗੀ ਅਤੇ ਅਜਿਹੀਆਂ ਕੀਮਤਾਂ ਨਿਯਤ ਕਰਦੇ ਸਮੇਂ ਵੱਖ-ਵੱਖ ਸ਼੍ਰੇਣੀਆਂ ਦੇ ਡੀਲਰਾਂ ਜਾਂ ਵਿਕਰੀਕਾਰਾਂ ਲਈ ਵੱਖ-ਵੱਖ ਵੱਧ ਤੋਂ ਵੱਧ ਕੀਮਤਾਂ ਨਿਯਤ ਕਰ ਸਕੇਗਾ।

ਵੱਧ ਤੋਂ ਵੱਧ ਕੀਮਤਾਂ ਤੋਂ ਵੱਧ ਕੀਮਤਾਂ ਤੇ ਬਰਫ਼ ਦੀ ਵਿਕਰੀ ਦੀ ਮਨਾਹੀ।

4. ਕੋਈ ਡੀਲਰ ਜਾਂ ਕੋਈ ਹੋਰ ਵਿਕਰੀਕਾਰ ਧਾਰਾ 3 ਦੇ ਅਧੀਨ ਉਸ ਲਈ ਨਿਯਤ ਕੀਤੀ ਵੱਧ ਤੋਂ ਵੱਧ ਕੀਮਤ ਤੋਂ ਵੱਧ ਕੀਮਤ ਤੇ ਬਰਫ਼ ਨਹੀਂ ਵੇਚੇਗਾ ਜਾਂ ਵੇਚਣ ਲਈ ਸਹਿਮਤ ਨਹੀਂ ਹੋਵੇਗਾ ਜਾਂ ਵੇਚਣ ਦੀ ਪੇਸ਼ਕਸ਼ ਨਹੀਂ ਕਰੇਗਾ।

ਲੇਖਿਆਂ, ਦਸਤਾਵੇਜ਼ਾਂ ਅਤੇ ਰਿਕਾਰਡ ਦੀਆਂ ਕਿਤਾਬਾਂ ਦਾ ਨਿਰੀਖਣ ਤੇ ਕਾਇਮ ਰੱਖਣਾ।

5. ਜ਼ਿਲ੍ਹਾ ਮੈਜਿਸਟਰੇਟ ਇੱਕ ਹੁਕਮ ਦੁਆਰਾ-

(ੳ) ਕਿਸੇ ਵੀ ਡੀਲਰ ਤੋਂ ਲੋੜ ਸਕੇਗਾ ਕਿ ਉਹ ਆਪਣੇ ਕਾਰੋਬਾਰ ਨਾਲ ਸਬੰਧਤ ਅਜਿਹੇ ਲੇਖੇ ਜਾਂ ਹੋਰ ਦਸਤਾਵੇਜ਼ ਅਤੇ ਰਿਕਾਰਡ ਨਿਰੀਖਣ ਲਈ ਪੇਸ਼ ਕਰੇ ਅਤੇ ਉਸ ਨਾਲ ਸਬੰਧਤ ਅਜਿਹੀ ਜਾਣਕਾਰੀ ਦੇਵੇ ਜਿਵੇਂ ਕਿ ਇਸ ਨਮਿੱਤ ਉਲਿਖਤ ਕੀਤੀ ਜਾਵੇ; ਅਤੇ

(ਅ) ਉਹ ਤਰੀਕਾ ਮੁਕੱਰਰ ਕਰ ਸਕੇਗਾ ਜਿਸ ਨਾਲ ਬਰਫ਼ ਦੀ ਵਿਕਰੀ ਅਤੇ ਖਰੀਦ ਦੇ ਲੇਖੇ ਡੀਲਰਾਂ ਦੁਆਰਾ ਆਮ ਤੌਰ ਤੇ ਰੱਖੇ ਜਾ ਸਕਦੇ ਹਨ।

ਬਰਫ਼ ਦੇ ਸਟਾਕ ਅਤੇ ਉਸ ਦੀ ਵਿਕਰੀ ਕੀਮਤ ਦਰਸ਼ਤ ਕਰਨਾ।

6. ਹਰੇਕ ਵਿਅਕਤੀ ਜੋ ਜਨਤਾ ਨੂੰ ਬਰਫ਼ ਵੇਚਦਾ ਹੈ ਜਾਂ ਵੇਚਣ ਲਈ ਪੇਸ਼ਕਸ਼ ਕਰਦਾ ਹੈ, ਕਾਰੋਬਾਰ ਦੇ ਸਥਾਨ ਦੇ ਇੰਨਾ ਨੇੜੇ ਜਿੰਨਾ ਸੰਭਵ ਹੋਵੇ, ਇਸ ਪ੍ਰਯੋਜਨ ਲਈ ਰੱਖੇ ਜਾਣ ਵਾਲੇ ਬੋਰਡ ਤੇ ਗੁਰਮੁਖੀ ਲਿੱਪੀ ਵਿੱਚ ਪੰਜਾਬੀ ਭਾਸ਼ਾ ਵਿੱਚ ਪ੍ਰਤੀ ਕਿਲੋਗ੍ਰਾਮ ਜਾਂ ਪ੍ਰਤੀ ਕੁਇੰਟਲ, ਜਿਹੀ ਕਿ ਸੂਰਤ ਹੋਵੇ, ਉਸ ਕੀਮਤ ਨੂੰ ਨੁਮਾਇਆ ਤੌਰ ਤੇ ਦਰਸ਼ਤ ਕਰੇਗਾ ਜਿਸ ਤੇ ਉਹ ਬਰਫ਼ ਵਿਕਰੀ ਲਈ ਪੇਸ਼ਕਸ਼ ਕਰਦਾ ਹੈ।

ਵਿਕਰੀ ਤੋਂ ਰੋਕਣ ਵਿਰੁੱਧ ਮਨਾਹੀ।

7. ਵਿਕਰੀ ਲਈ ਬਰਫ਼ ਦਾ ਸਟਾਕ ਰੱਖਣ ਵਾਲਾ ਕੋਈ ਵਿਅਕਤੀ ਉਸ ਨੂੰ ਵਿਕਰੀ ਤੋਂ ਨਹੀਂ ਰੋਕੇਗਾ।

8. ਜੇ ਕੋਈ ਵਿਅਕਤੀ ਇਸ ਐਕਟ ਜਾਂ ਇਸ ਅਧੀਨ ਜਾਰੀ ਕੀਤੇ ਗਏ ਕਿਸੇ ਹੁਕਮ ਦੇ ਕਿਸੇ ਉਪਬੰਧ ਦੀ ਉਲੰਘਣਾ ਕਰਦਾ ਹੈ, ਤਾਂ ਉਹ ਕੈਦ ਦੀ, ਜਿਸ ਦੀ ਅਉਧ ਇੱਕ ਸਾਲ ਤੱਕ ਹੋ ਸਕੇਗੀ, ਜਾਂ ਜੁਰਮਾਨੇ ਦੀ, ਜੋ ਪੰਜ ਸੌ ਰੁਪਏ ਤੱਕ ਹੋ ਸਕੇਗਾ, ਜਾਂ ਦੋਹਾਂ ਦੀ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ। ਡੰਨ।

9. ਕੋਈ ਅਦਾਲਤ ਇਸ ਐਕਟ ਅਧੀਨ ਸਜ਼ਾਯੋਗ ਅਪਰਾਧ ਦਾ ਸਮਾਇਤ ਅਧਿਕਾਰ ਨਹੀਂ ਲਵੇਗੀ, ਸਿਵਾਏ ਉਸ ਵਿਅਕਤੀ, ਜੋ ਲੋਕ ਸੇਵਕ ਹੈ, ਜਿਵੇਂ ਭਾਰਤੀ ਦੰਡ ਸੰਘਤਾ ਦੀ ਧਾਰਾ 21 ਵਿੱਚ ਪਰਿਭਾਸ਼ਤ ਕੀਤਾ ਗਿਆ ਹੈ, ਦੁਆਰਾ ਅਜਿਹਾ ਅਪਰਾਧ ਬਣਾਉਂਦੀ ਤੱਥਾਂ ਦੀ ਲਿਖਤੀ ਰਿਪੋਰਟ ਤੇ, ਜੋ ਇਸ ਨਮਿੱਤ ਪਦ ਨਾਂ ਜਾਂ ਨਾਂ ਨਾਲ ਜ਼ਿਲ੍ਹਾ ਮੈਜਿਸਟਰੇਟ ਦੁਆਰਾ ਅਧਿਕਾਰਤ ਕੀਤਾ ਗਿਆ ਹੋਵੇ। ਅਪਰਾਧਾਂ ਦਾ ਸਮਾਇਤ ਅਧਿਕਾਰ।

**ਬੀ.ਬੀ.ਐੱਸ. ਤੇਜੀ,**
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3549/11-2025/Pb. Govt. Press, S.A.S. Nagar*

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 7 ਨਵੰਬਰ, 2025

**ਨੰ: 53/ਭ.ਕ./2025.-** ਪੰਜਾਬ ਸਹਾਇਤਾ ਪ੍ਰਾਪਤ ਸਕੂਲ (ਸੇਵਾ ਦੀ ਸੁਰੱਖਿਆ) ਐਕਟ, 1969 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 7th November, 2025

**No. 53/L.C./2025.-** The Translation in Punjabi of the Punjab Aided Schools (Security of Service) Act, 1969 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੰਜਾਬ ਸਹਾਇਤਾ ਪ੍ਰਾਪਤ ਸਕੂਲ (ਸੇਵਾ ਦੀ ਸੁਰੱਖਿਆ) ਐਕਟ, 1969

(1969 ਦਾ ਪੰਜਾਬ ਐਕਟ ਨੰ: 19)

ਸਹਾਇਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀਆਂ ਨੂੰ ਸੇਵਾ ਦੀ ਸੁਰੱਖਿਆ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਵੀਹਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. ਇਸ ਐਕਟ ਨੂੰ ਪੰਜਾਬ ਸਹਾਇਤਾ ਪ੍ਰਾਪਤ ਸਕੂਲ (ਸੇਵਾ ਦੀ ਸੁਰੱਖਿਆ) ਐਕਟ, 1969 ਕਿਹਾ ਜਾ ਸਕੇਗਾ। ਸੰਖੇਪ ਨਾਂ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਸਹਾਇਤਾ ਪ੍ਰਾਪਤ ਸਕੂਲ" ਦਾ ਮਤਲਬ ਹੈ ਪੰਜਾਬ ਰਾਜ ਤੋਂ ਸਹਾਇਤਾ ਪ੍ਰਾਪਤ ਕਰਨ ਵਾਲਾ ਸਕੂਲ;

(ਅ) "ਕਮਿਸ਼ਨਰ" ਦਾ ਮਤਲਬ ਹੈ ਡਵੀਜ਼ਨ ਦਾ ਕਮਿਸ਼ਨਰ ਜਿਸ ਵਿੱਚ ਇੱਕ ਸਹਾਇਤਾ ਪ੍ਰਾਪਤ ਸਕੂਲ ਸਥਿਤ ਹੈ ਅਤੇ ਇਸ ਵਿੱਚ ਰਾਜ ਸਰਕਾਰ ਦੁਆਰਾ ਇਸ ਦੇ ਨਮਿੱਤ ਅਧਿਕਾਰਤ ਕੋਈ ਹੋਰ ਅਧਿਕਾਰੀ ਸ਼ਾਮਲ ਹੈ;

(ਏ) "ਡਿਪਟੀ ਕਮਿਸ਼ਨਰ" ਦਾ ਮਤਲਬ ਹੈ ਉਸ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਜਿਸ ਵਿੱਚ ਇੱਕ ਸਹਾਇਤਾ ਪ੍ਰਾਪਤ ਸਕੂਲ ਸਥਿਤ ਹੈ ਅਤੇ ਇਸ ਵਿੱਚ ਰਾਜ ਸਰਕਾਰ ਦੁਆਰਾ ਇਸ ਦੇ ਨਮਿੱਤ ਅਧਿਕਾਰਤ ਕੋਈ ਹੋਰ ਅਧਿਕਾਰੀ ਸ਼ਾਮਲ ਹੈ;

(ਸ) "ਡਾਇਰੈਕਟਰ" ਦਾ ਮਤਲਬ ਹੈ ਲੋਕ ਸਿੱਖਿਆ ਦਾ ਡਾਇਰੈਕਟਰ, ਪੰਜਾਬ, ਅਤੇ ਇਸ ਵਿੱਚ ਰਾਜ ਸਰਕਾਰ ਦੁਆਰਾ ਇਸ ਦੇ ਨਮਿੱਤ ਅਧਿਕਾਰਤ ਕੋਈ ਹੋਰ ਅਧਿਕਾਰੀ ਸ਼ਾਮਲ ਹੈ;

(ਹ) "ਕਰਮਚਾਰੀ" ਦਾ ਮਤਲਬ ਹੈ ਕਿਸੇ ਸਹਾਇਤਾ ਪ੍ਰਾਪਤ ਸਕੂਲ ਵਿੱਚ ਪੂਰਣਕਾਲ ਦੀ ਨੌਕਰੀ ਕਰਨ ਵਾਲਾ ਵਿਅਕਤੀ।

ਸਹਾਇਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀਆਂ ਨੂੰ ਸਜ਼ਾ ਦੇਣ ਦਾ ਜ਼ਾਬਤਾ।

3. (1) ਕਿਸੇ ਵੀ ਕਰਮਚਾਰੀ ਨੂੰ ਬਰਖ਼ਾਸਤ ਜਾਂ ਹਟਾਇਆ ਨਹੀਂ ਜਾਵੇਗਾ ਜਾਂ ਰੈਂਕ ਘਟਾਇਆ ਨਹੀਂ ਜਾਵੇਗਾ ਸਿਵਾਏ ਉਸ ਜਾਂਚ ਪਿੱਛੋਂ ਜਿਸ ਵਿੱਚ ਉਸ ਨੂੰ ਉਸਦੇ ਵਿਰੁੱਧ ਅਰੋਪਾਂ ਬਾਰੇ ਸੂਚਿਤ ਕੀਤਾ ਗਿਆ ਹੋਵੇ ਅਤੇ ਇਹਨਾਂ ਅਰੋਪਾਂ ਦੇ ਬਾਰੇ ਵਿੱਚ ਸੁਣਵਾਈ ਦਾ ਵਾਜਬ ਮੌਕਾ ਦਿੱਤਾ ਗਿਆ ਹੋਵੇ ਅਤੇ ਜਿੱਥੇ ਅਜਿਹੀ ਜਾਂਚ ਪਿੱਛੋਂ, ਉਸ ਤੇ ਅਜਿਹਾ ਕੋਈ ਡੰਨ ਅਰੋਪਣ ਦੀ ਤਜਵੀਜ਼ ਹੈ ਪ੍ਰੰਤੂ ਕੇਵਲ ਅਜਿਹੀ ਜਾਂਚ ਦੌਰਾਨ ਪੇਸ਼ ਕੀਤੀ ਸ਼ਹਾਦਤ ਦੇ ਆਧਾਰ 'ਤੇ, ਜਦੋਂ ਤੱਕ ਉਸ ਨੂੰ ਤਜਵੀਜ਼ਤ ਡੰਨ ਤੇ ਪ੍ਰਤੀਬੇਨਤੀ ਕਰਨ ਦਾ ਵਾਜਬ ਮੌਕਾ ਨਾ ਦੇ ਦਿੱਤਾ ਗਿਆ ਹੋਵੇ।

(2) ਕਿਸੇ ਕਰਮਚਾਰੀ ਦੀ ਬਰਖਾਸਤਗੀ, ਹਟਾਉਣ ਜਾਂ ਰੈਂਕ ਵਿੱਚ ਅਵਉੱਨਤੀ ਦਾ ਕੋਈ ਵੀ ਹੁਕਮ ਉਦੋਂ ਤੱਕ ਪ੍ਰਭਾਵੀ ਨਹੀਂ ਹੋਵੇਗਾ ਜਦ ਤੱਕ ਇਸ ਦੀ ਪੁਸ਼ਟੀ ਡਿਪਟੀ ਕਮਿਸ਼ਨਰ ਦੁਆਰਾ ਨਹੀਂ ਕੀਤੀ ਜਾਂਦੀ ਜੋ ਅਜਿਹਾ ਕਰਨ ਤੋਂ ਇਨਕਾਰ ਕਰ ਸਕਦਾ ਹੈ, ਜੇ ਉਸ ਦੀ ਰਾਏ ਵਿੱਚ, ਉਪ-ਧਾਰਾ (1) ਦੇ ਉਪਬੰਧਾਂ ਦੀ ਪਾਲਣਾ ਨਹੀਂ ਕੀਤੀ ਗਈ ਹੈ।

(3) ਉਪ-ਧਾਰਾ (1) ਜਾਂ ਉਪ-ਧਾਰਾ (2) ਵਿੱਚ ਕੁੱਝ ਵੀ ਉਸ ਕਰਮਚਾਰੀ 'ਤੇ ਲਾਗੂ ਨਹੀਂ ਹੋਵੇਗਾ ਜਿਸ ਨੂੰ ਉਸ ਆਚਰਣ ਦੇ ਆਧਾਰ ਤੇ ਬਰਖਾਸਤ ਜਾਂ ਹਟਾਇਆ ਜਾਂ ਰੈਂਕ ਘਟਾ ਦਿੱਤਾ ਗਿਆ ਹੈ ਜਿਸ ਕਾਰਨ ਉਸ ਨੂੰ ਅਪਰਾਧਕ ਦੋਸ਼ ਵਿੱਚ ਸਿੱਧ-ਦੋਸ਼ ਠਹਿਰਾਇਆ ਗਿਆ ਹੈ।

(4) ਇੱਕ ਕਰਮਚਾਰੀ ਜਿਸ ਦੇ ਵਿਰੁੱਧ ਉਪ-ਧਾਰਾ (1) ਵਿੱਚ ਉਲਿਖਤ ਪ੍ਰਕਿਰਤੀ ਦਾ ਹੁਕਮ ਉਪ-ਧਾਰਾ (1) ਜਾਂ ਉਪ-ਧਾਰਾ (2) ਦੇ ਉਪਬੰਧਾਂ ਦੀ ਪਾਲਣਾ ਕੀਤੇ ਬਿਨਾਂ ਪਾਸ ਕੀਤਾ ਜਾਂਦਾ ਹੈ, ਹੁਕਮ ਦੇ ਸੰਸੂਚਤ ਕਰਨ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ, ਡਿਪਟੀ ਕਮਿਸ਼ਨਰ ਨੂੰ ਇਸ ਆਧਾਰ ਤੇ ਅਜਿਹੇ ਹੁਕਮ ਨੂੰ ਚੁਣੌਤੀ ਦੇਣ ਲਈ ਦਰਖ਼ਾਸਤ ਦੇ ਸਕਦਾ ਹੈ ਕਿ ਉਹ ਇੱਕ ਅਜਿਹਾ ਕਰਮਚਾਰੀ ਹੈ ਜਿਸ ਤੇ ਉਪ-ਧਾਰਾ (1) ਅਤੇ ਉਪ-ਧਾਰਾ (2) ਦੇ ਉਪਬੰਧ ਲਾਗੂ ਹੁੰਦੇ ਹਨ ਅਤੇ ਡਿਪਟੀ ਕਮਿਸ਼ਨਰ, ਧਿਰਾਂ ਨੂੰ ਸੁਣਵਾਈ ਦਾ ਮੌਕਾ ਦੇਣ ਪਿੱਛੋਂ ਅਤੇ ਅਜਿਹੀ ਹੋਰ ਜਾਂਚ ਕਰਨ ਪਿੱਛੋਂ ਜੋ ਉਹ ਢੁੱਕਵੀਂ

ਸਮਝਦਾ ਹੈ, ਦਰਖ਼ਾਸਤ ਨੂੰ ਰੱਦ ਕਰਨ ਜਾਂ ਖੰਡਨ ਹੁਕਮ ਨੂੰ ਮਨਸੂਖ ਕਰਨ ਦਾ ਹੁਕਮ ਕਰ ਸਕੇਗਾ।

(5) ਇਸ ਧਾਰਾ ਅਧੀਨ ਡਿਪਟੀ ਕਮਿਸ਼ਨਰ ਦੁਆਰਾ ਕੀਤੇ ਗਏ ਕਿਸੇ ਵੀ ਫ਼ੈਸਲੇ ਜਾਂ ਹੁਕਮ ਤੋਂ ਦੁਖਿਤ ਕੋਈ ਵਿਅਕਤੀ, ਅਜਿਹੇ ਵਿਅਕਤੀ ਨੂੰ ਫ਼ੈਸਲੇ ਜਾਂ ਹੁਕਮ ਬਾਰੇ ਸੰਸੂਚਿਤ ਕਰਨ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ, ਕਮਿਸ਼ਨਰ ਕੋਲ ਅਪੀਲ ਦਾਇਰ ਕਰ ਸਕੇਗਾ, ਜੋ ਧਿਰਾਂ ਨੂੰ ਸੁਣਵਾਈ ਦਾ ਮੌਕਾ ਦੇਣ ਪਿੱਛੋਂ, ਅਤੇ ਅਜਿਹੀ ਹੋਰ ਜਾਂਚ ਕਰਨ ਪਿੱਛੋਂ, ਜੇ ਕੋਈ ਹੋਵੇ, ਜਿਵੇਂ ਉਹ ਜ਼ਰੂਰੀ ਸਮਝੇ, ਜਿਸ ਫ਼ੈਸਲੇ ਜਾਂ ਹੁਕਮ ਵਿਰੁੱਧ ਅਪੀਲ ਕੀਤੀ ਗਈ ਹੋਵੇ, ਦੀ ਪੁਸ਼ਟੀ, ਰੂਪਭੇਦ ਜਾਂ ਉਲਟਾ ਕੇ, ਅਜਿਹਾ ਹੁਕਮ ਪਾਸ ਕਰ ਸਕਦਾ ਹੈ ਜਿਵੇਂ ਉਹ ਢੁੱਕਵਾਂ ਸਮਝੇ।

(6) ਕਮਿਸ਼ਨਰ ਦੁਆਰਾ ਉਪ-ਧਾਰਾ (5) ਅਧੀਨ ਪਾਸ ਕੀਤਾ ਗਿਆ ਹੁਕਮ ਅਤੇ ਕੇਵਲ ਅਜਿਹੇ ਹੁਕਮ ਦੇ ਤਾਬੇ, ਡਿਪਟੀ ਕਮਿਸ਼ਨਰ ਦੁਆਰਾ ਉਪ-ਧਾਰਾ (2) ਜਾਂ ਉਪ-ਧਾਰਾ (4) ਅਧੀਨ ਪਾਸ ਕੀਤਾ ਗਿਆ ਹੁਕਮ ਅੰਤਿਮ ਅਤੇ ਧਿਰਾਂ ਉੱਤੇ ਬੰਧਨਕਾਰੀ ਹੋਵੇਗਾ।

ਡਾਇਰੈਕਟਰ ਦੀ ਸਹਾਇਤਾ ਨੂੰ ਰੋਕਣ, ਘਟਾਉਣ ਜਾਂ ਮੁਅੱਤਲ ਕਰਨ ਦੀ ਸ਼ਕਤੀ।

4. ਪ੍ਰਬੰਧਕ ਕਮੇਟੀ, ਮੈਨੇਜਰ ਜਾਂ ਇਸ ਦੇ ਪ੍ਰਸ਼ਾਸਨ ਲਈ ਭਾਰਿਤ ਕਿਸੇ ਹੋਰ ਅਥਾਰਟੀ ਦੁਆਰਾ, ਇਸ ਐਕਟ ਦੇ ਕਿਸੇ ਉਪਬੰਧ ਜਾਂ ਇਸ ਅਧੀਨ ਬਣਾਏ ਗਏ ਕਿਸੇ ਵੀ ਨਿਯਮਾਂ ਜਾਂ ਇਸ ਐਕਟ ਅਧੀਨ ਪਾਸ ਕੀਤੇ ਕਿਸੇ ਵੀ ਹੁਕਮ ਦੀ ਖਿਲਾਫ਼ਵਰਜ਼ੀ ਕਰਨ ਤੇ, ਡਾਇਰੈਕਟਰ ਲਈ ਕਿਸੇ ਸਹਾਇਤਾ ਪ੍ਰਾਪਤ ਸਕੂਲ ਦੀ ਸਹਾਇਤਾ ਨੂੰ ਰੋਕਣਾ, ਘਟਾਉਣਾ ਜਾਂ ਮੁਅੱਤਲ ਕਰਨਾ ਕਾਨੂੰਨ ਸੰਗਤ ਹੋਵੇਗਾ:

ਪਰੰਤੂ ਇਸ ਧਾਰਾ ਅਧੀਨ ਕਾਰਵਾਈ ਕਰਨ ਤੋਂ ਪਹਿਲਾਂ, ਡਾਇਰੈਕਟਰ, ਪ੍ਰਬੰਧਕ ਕਮੇਟੀ ਨੂੰ ਤਜਵੀਜ਼ਤ ਕੀਤੀ ਜਾਣ ਵਾਲੀ ਕਾਰਵਾਈ ਵਿਰੁੱਧ ਕਾਰਨ ਦੱਸਣ ਦਾ ਵਾਜਬ ਮੌਕਾ ਦੇਵੇਗਾ।

ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ।

5. ਇਸ ਐਕਟ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਰਾਜ ਸਰਕਾਰ ਜਾਂ ਕਿਸੇ ਅਥਾਰਟੀ ਜਾਂ ਇਸ ਐਕਟ ਅਧੀਨ ਨਿਯੁਕਤ ਕੀਤੇ ਗਏ ਕਿਸੇ ਵੀ ਅਧਿਕਾਰੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

6. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਹੁਕਮ ਦੁਆਰਾ, ਕੁਝ ਵੀ ਕਰ ਸਕਦੀ ਹੈ ਜੋ ਅਜਿਹੇ ਉਪਬੰਧਾਂ ਨਾਲ ਅਸੰਗਤ ਨਾ ਹੋਵੇ ਜੋ ਉਸ ਕਠਨਾਈ ਨੂੰ ਦੂਰ ਕਰਨ ਦੇ ਪ੍ਰਯੋਜਨ ਲਈ ਜ਼ਰੂਰੀ ਜਾਂ ਉਚਿਤ ਪ੍ਰਤੀਤ ਹੋਵੇ।

ਨਿਯਮ ਬਣਾਉਣ ਦੀ ਸ਼ਕਤੀ।

7. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕਦੀ ਹੈ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ

ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਵਿਧਾਨ ਮੰਡਲ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਵਿਧਾਨ ਮੰਡਲ ਸਹਿਮਤ ਹੋ ਜਾਂਦਾ ਹੈ ਕਿ ਉਹ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਨਿਯਮ ਉਸ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ ਅਜਿਹੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਵੀ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਨਿਰਸਨ ਅਤੇ ਬਚਾਉ।

8. (1) ਪੰਜਾਬ ਸਹਾਇਤਾ ਪ੍ਰਾਪਤ ਸਕੂਲ (ਸੇਵਾ ਦੀ ਸੁਰੱਖਿਆ) ਆਰਡੀਨੈਂਸ, 1969 (1969 ਦਾ ਪੰਜਾਬ ਆਰਡੀਨੈਂਸ ਨੰ: 6) ਇੱਥੇ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਕਤ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਵੀ ਗੱਲ ਜਾਂ ਕੀਤੀ ਗਈ ਕੋਈ ਵੀ ਕਾਰਵਾਈ ਜਾਂ ਤਾਤਪਰਜਤ ਕੀਤੀ ਕੋਈ ਵੀ ਕਾਰਵਾਈ ਇਸ ਐਕਟ ਅਧੀਨ ਕੀਤੀ ਗਈ ਜਾਂ ਕੀਤੀ ਗਈ ਸਮਝੀ ਜਾਵੇਗੀ ਜਿਵੇਂ ਇਹ ਐਕਟ 4 ਜੁਲਾਈ, 1969 ਨੂੰ ਅਰੰਭ ਹੋਇਆ ਸੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ।

*3549/11-2025/Pb. Govt. Press, S.A.S. Nagar*